

لا إله إلا الله محمد رسول الله

# ਸਰਬ ਧਰਮ ਸਨਮਾਨ ਵਿਸ਼ਵ ਸ਼ਾਂਤੀ ਦੀ ਜ਼ਮਾਨਤ ਹੈ

ਮਨੁੱਖ ਦੀ ਆਚਰਨਕ, ਸਭਿਅਕ ਤੇ ਆਤਮਕ ਪ੍ਰਗਤੀ ਲਈ ਅੱਲਾਹ ਤਆਲਾ ਨੇ ਨਬੀਆਂ (ਅਵਤਾਰਾਂ) ਰਾਹੀਂ ਜੋ ਸੁਮਾਰਗ ਦਾ ਚਾਨ੍ਹਣ ਕੀਤਾ ਉਸ ਦੀ ਅਰੰਭਕ ਅਵਸਥਾ ਹਜ਼ਰਤ ਆਦਮ ਅਲੈਹਿ ਸਲਾਮ ਰਹੀਂ ਪ੍ਰਗਟ ਹੋਈ ਅਤੇ ਉਸ ਦਾ ਸ਼ਿਖਰ ਸਰਵਰੇ ਕਾਇਨਾਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਵਜੂਦ ਰਾਹੀਂ ਆਪਣੇ ਅੰਤ ਨੂੰ ਪਹੁੰਚਿਆ। ਇਸ ਪ੍ਰਕਾਰ ਇਹ ਰੂਹਾਨੀ ਸਿੱਖਿਆ ਜੋ ਸਮੇਂ ਸਮੇਂ ਲੱਗਭਗ ਇਕ ਲੱਖ ਚੌਵੀ ਹਜ਼ਾਰ ਨਬੀਆਂ ਦੇ ਸਾਮੂਹਕ ਜਤਨਾਂ ਦੇ ਸਿੱਟੇ ਵੱਜੋਂ ਪਰਵਾਨ ਚੜ੍ਹਦੀ ਰਹੀ, ਅੰਤ ਕੁਰਆਨ ਕਰੀਮ ਦੇ ਇਸ ਫ਼ਰਮਾਨ ਮੁਜਬ ਆਪਣੇ ਅਤਿਅੰਤ ਰੂਪ ਨੂੰ ਧਾਰਨ ਕਰਦਿਆਂ ਹੋਇਆਂ ਪੂਰਨਤਾ ਦੇ ਅੰਤਲੇ ਕੰਢੇ ਤੱਕ ਪਹੁੰਚ ਗਈ, ਕਿ "ਅੱਜ ਦੇ ਦਿਨ ਮੈਂ ਤੁਹਾਡੇ ਲਈ ਤੁਹਾਡਾ ਧਰਮ ਸੰਪੂਰਨ ਕਰ ਦਿੱਤਾ ਹੈ ਅਤੇ ਆਪਣੀਆਂ ਨੇਮਤਾਂ ਤੁਹਾਡੇ'ਤੇ ਪੂਰੀਆਂ ਕਰ ਦਿੱਤੀਆਂ ਹਨ ਅਤੇ ਮੈਂ ਤੁਹਾਡੇ ਲਈ ਇਸਲਾਮ ਨੂੰ ਧਰਮ ਵੱਜੋਂ ਪਸੰਦ ਕੀਤਾ ਹੈ।" (ਅਲਮਾਇਦਹ : 4)

ਕੁਰਆਨ ਮਜੀਦ ਵਿੱਚ ਅੱਲਾਹ ਤਆਲਾ ਨੇ ਸਾਰਿਆਂ ਨਬੀਆਂ ਰਾਹੀਂ ਲਿਆਂਦੀ ਗਈ ਰੂਹਾਨੀ ਸਿੱਖਿਆ ਨੂੰ ਕਦਰ ਦੀ ਨਿਗਾਹ ਨਾਲ ਦੇਖਦਿਆਂ ਹੋਇਆਂ ਉਹਨਾਂ ਦਾ ਮਾਣ ਸਨਮਾਨ ਕਰਨ ਦੀ ਸਿਖਿਆ ਦਿੱਤੀ ਅਤੇ ਉਹਨਾਂ ਸਾਰੀਆਂ ਸਿੱਖਿਆਵਾਂ ਉਪੱਰ ਈਮਾਨ ਲਿਆਉਣ ਦਾ ਹੁਕਮ ਦਿੱਤਾ। ਇਲਾਹੀ ਫ਼ਰਮਾਨ ਹੈ ਕਿ :

"ਇਹ ਰਸੂਲ ਅਰਥਾਤ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਅਮ ਅਤੇ ਆਪ'ਤੇ ਈਮਾਨ ਲਿਆਉਣ ਵਾਲੇ ਇਸ ਕਲਾਮ ਉਪੱਰ ਈਮਾਨ ਲਿਆਉਂਦੇ ਹਨ, ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਸਲਅਮ ਉਪੱਰ ਉਤਾਰਿਆ ਗਿਆ, ਇਸੇ ਪ੍ਰਕਾਰ ਇਹ ਸਭ ਅਲੱਾਹ ਉਪੱਰ, ਉਸ ਦੇ ਫ਼ਰਿਸ਼ਤਿਆਂ ਉਪੱਰ, ਸਾਰੀਆਂ ਇਲਾਹੀ ਕਿਤਾਬਾਂ ਉਪੱਰ ਅਤੇ ਸਾਰਿਆਂ ਪਵਿੱਤਰ ਰਸੂਲਾਂ ਉਪੱਰ ਈਮਾਨ ਲਿਆਉਂਦੇ ਹਨ ਅਤੇ ਕਹਿੰਦੇ ਹਾਂ ਕਿ ਅਸੀਂ ਕਿਸੇ ਵੀ ਰਸੂਲ ਵਿੱਚ ਮਤਿਭੇਦ ਨਹੀਂ ਕਰਦੇ ਸਗੋਂ ਸਾਰਿਆਂ ਨੂੰ ਸੁਮਰਗ ਦੇ ਚਾਨ੍ਹਣ ਮੁਨਾਰਿਆਂ ਉਪੱਰ ਵਿਰਾਜਮਾਨ ਸਮਝਦੇ ਹਾਂ।" (ਅਲਬਕਰਹ : 286)

ਕੁਰਆਨ ਮਜੀਦ ਦੇ ਇਸ ਸੁਨਹਿਰੇ ਉਸੂਲ ਨੂੰ ਅੱਜ ਦੁਨੀਆ ਵਿੱਚ ਅਪਨਾਉਣ ਦੀ ਲੋੜ ਹੈ ਕਿਉਂਕਿ ਇਹੋ ਹੀ ਵਿਸ਼ਵ ਸ਼ਾਂਤੀ ਦਾ ਪ੍ਰਤੀਕ ਹੈ। ਅੱਜ ਦੇ ਦੌਰ ਦੀ ਇਹ ਬਦਕਿਸਮਤੀ ਹੈ ਕਿ ਕੁਝ ਲੋਕ ਆਪਣੇ ਧਰਮ ਵਿੱਚ ਆਉਣ ਵਾਲੇ ਰਿਸ਼ੀਆਂ ਮੁਨੀਆਂ ਅਤੇ ਅਵਤਾਰਾਂ ਨੂੰ ਤਾਂ ਰੱਬ ਵਾਂਗ ਸਮਝਦੇ ਹਨ ਪਰ ਆਪਣੇ ਧਰਮ ਤੋਂ ਬਾਹਰ ਆਉਣ ਵਾਲੇ ਨਬੀਆਂ ਨੂੰ ਨ ਕੇਵਲ ਇਹ ਕਿ ਰੱਬ ਵੱਲੋਂ ਆਇਆ ਨਹੀਂ ਮਨ੍ਹਦੇ ਸਗੋਂ ਉਸਨੂੰ ਝੂਠਾ ਸਮਝਦੇ ਹਨ। ਅੱਜ ਕਲ ਵੱਖ ਵੱਖ ਧਰਮਾ ਦੇ ਸੰਚਾਲਕਾਂ ਦੀ ਬੇਹੁਰਮਤੀ ਅਤੇ ਇਕ ਦੂਜੇ ਦੇ ਪਵਿੱਤਰ ਆਗੂਆਂ ਦੀ ਬੇਅਦਬੀ ਇਕ ਆਮ ਗੱਲ ਹੁੰਦੀ ਜਾ ਰਹੀ ਹੈ। ਕਦੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਕਾਰਟੂਨ ਬਣਾਏ ਜਾਂਦੇ ਹਨ ਅਤੇ ਆਪ ਜੀ ਦੇ ਵਿਰੁਧ ਹਤੱਕ ਅਤੇ ਕੁਵਚਨ ਲਿਖੇ ਜਾਂਦੇ ਹਨ। ਕਦੇ ਫ਼ੇਸ ਬੁਕ ਉਪੱਰ ਹਿੰਦੂ ਧਰਮ ਦੇ ਦੇਵੀ ਦੇਵਤਾਵਾਂ ਅਤੇ ਧਾਰਮਕ ਆਗੂਆਂ ਵਿਰੁਧ ਅਤੇ ਕਦੇ ਹਜ਼ਰਤ ਈਸਾ ਮਸੀਹ ਦੇ ਖ਼ਿਲਾਫ਼ ਅਤੇ ਕਦੇ ਸਿੱਖਾਂ ਦੇ ਗੁਰੂ ਸਾਹਿਬਾਨ ਵਿਰੁਧ ਤੌਹੀਨ ਭਰੇ ਵਾਕ ਜਾਂ ਫੋਟੋ ਬਣਾ ਕੇ ਦੇਸ਼ ਦੀ ਸ਼ਾਂਤੀ ਤੇ ਅਮਨ ਨੂੰ ਭੰਗ ਕਰਨ ਦੇ ਜਤਨ ਕੀਤੇ ਜਾਂਦੇ ਹਨ। ਸਮੇਂ ਦੇ

ਨਾਲ ਨਾਲ ਜ਼ਮੀਰ (ਵਿਚਾਰਾਂ) ਦੀ ਆਜ਼ਾਦੀ ਤੇ ਲਿੱਖਣ ਦੀ ਆਜ਼ਾਦੀ ਦੇ ਨਾਂ'ਤੇ ਇਹ ਇਕ ਆਮ ਗੱਲ ਹੁੰਦੀ ਜਾ ਰਹੀ ਹੈ ।

ਜੇਕਰ ਸਾਰਿਆਂ ਧਰਮਾਂ ਦੇ ਲੋਕ ਅਤੇ ਮੁਸਲਮਾਨਾਂ ਦੇ ਸਾਰੇ ਫ਼ਿਰਕੇ ਕੁਰਆਨ ਮਜੀਦ ਦੀ ਇਸ ਸੁਨਹਿਰੀ ਸਿੱਖਿਆ ਨੂੰ ਸਵੀਕਾਰ ਕਰ ਲੈਣ ਕਿ ਹਰ ਕੌਮ ਵਿੱਚ ਰੱਬ ਵੱਲੋਂ ਸੁਧਾਰਕ ਆਉਂਦੇ ਰਹੇ ਜਿਵੇਂ ਕਿ ਫ਼ਰਮਾਇਆ : "ਫ਼ਰਮਾਇਆ ਦੁਨੀਆਂ ਵਿੱਚ ਕੋਈ ਕੌਮ ਅਜਿਹੀ ਨਹੀਂ ਲੰਘੀ ਕਿ ਉਸ ਵਿੱਚ ਰੱਬ ਵੱਲੋਂ ਜਾਣਕਾਰੀ ਕਰਾਉਣ ਵਾਲਾ ਨ ਆਇਆ ਹੋਵੇ ।" (ਫ਼ਾਤਿਰ : 25) ਫਿਰ ਇਸ ਦੇ ਸਿੱਟੇ ਵਿੱਚ ਹਿੰਦੂ ਅਤੇ ਈਸਾਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਉਪੱਰ ਈਮਾਨ ਲੈ ਆਉਣ ਅਤੇ ਮੁਸਲਮਾਨ ਸ਼੍ਰੀ ਕ੍ਰਿਸ਼ਨ ਜੀ ਅਤੇ ਸ਼੍ਰੀ ਰਾਮ ਚੰਦਰ ਜੀ ਨੂੰ ਰੱਬ ਦੇ ਭੇਜੇ ਹੋਏ ਮਨ੍ਹ ਲੈਣ ।

ਕਈ ਮੁਸਲਮਾਨਾਂ ਵਿੱਚ ਵੀ ਇਸ ਸਮੇਂ ਬਦਕਿਸਮਤੀ ਨਾਲ ਇਹ ਵਿਚਾਰ ਪੈਦਾ ਹੋ ਗਿਆ ਹੈ ਕਿ ਜਿੰਨ੍ਹਾ ਨਬੀਆਂ ਦਾ ਕੁਰਆਨ ਮਜੀਦ ਵਿੱਚ ਵਰਨਣ ਹੈ ਉਹਨਾਂ ਨੂੰ ਮੰਨ੍ਹਿਆ ਜਾ ਸਕਦਾ ਹੈ ਅਤੇ ਜਿੰਨ੍ਹਾ ਦਾ ਵਰਨਣ ਕੁਰਆਨ ਮਜੀਦ ਵਿੱਚ ਨਹੀਂ ਹੈ ਉਹ ਰੱਬ ਵੱਲੋਂ ਨਹੀਂ ਸਨ । ਜੱਦ ਕਿ ਕੁਰਆਨ ਮਜੀਦ ਤਾਂ ਖੁੱਲੇ ਸ਼ਬਦਾਂ ਵਿੱਚ ਫ਼ਰਮਾਉਂਦਾ ਹੈ ਕਿ ਅਸੀਂ ਕੁਝ ਨਬੀਆਂ ਦਾ ਵਰਨਣ ਕਰ ਦਿਤਾ ਹੈ ਅਤੇ ਕੁਝ ਅਜਿਹੇ ਵੀ ਹਨ ਜਿੰਨ੍ਹਾਂ ਦਾ ਵਰਨਣ ਅਸੀਂ ਨਹੀਂ ਕੀਤਾ । (ਅਲਮੋਮਿਨ : 79) ਅਤੇ ਫਿਰ ਦੂਜੇ ਥਾਂ ਮੁਢੱਲੇ ਤੌਰ'ਤੇ ਸਾਰਿਆਂ ਉਪੱਰ ਈਮਾਨ ਲਿਆਉਣ ਦੀ ਸਿੱਖਿਆ ਦੇ ਦਿੱਤੀ ।

ਕੁਰਆਨ ਕਰੀਮ ਦੀ ਇਸੇ ਸਿੱਖਿਆ ਦੇ ਆਧਾਰ'ਤੇ ਸਮੇਂ ਦੇ ਸੁਧਾਰਕ ਬਾਨੀ ਅਹਮਦੀਆ ਮੁਸਲਿਮ ਜਮਾਤ ਸਯੱਦਨਾ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ :

"ਇਹ ਉਸੂਲ ਅਤਿਅੰਤ ਸੋਹਣਾ, ਅਮਨ ਬਖ਼ਸ਼, ਸਾਂਤੀ ਮਈ ਤੇ ਮਿਲਵਰਤਨ ਦੀ ਨੀਂਹ ਪਾਉਣ ਵਾਲਾ ਅਤੇ ਸਭਿਅਕ ਤੇ ਆਚਰਣਕ ਅਵਸਥਾ ਵਿੱਚ ਵਾਧਾ ਕਰਨ ਵਾਲਾ ਹੈ ਕਿ ਅਸੀਂ ਉਹਨਾ ਸਾਰਿਆਂ ਨਬੀਆਂ ਨੂੰ ਸਚੱਾ ਸਮਝੀਏ ਜੋ ਇਸ ਦੁਨੀਆ ਵਿੱਚ ਆਏ ਫਿਰ ਭਾਵੇਂ ਹਿੰਦੂ ਧਰਮ ਵਿੱਚ ਪ੍ਰਗਟ ਹੋਏ ਜਾਂ ਫ਼ਾਰਸ ਜਾਂ ਚੀਨ ਜਾਂ ਕਿਸੇ ਹੋਰ ਦੇਸ਼ ਵਿੱਚ । ਅਤੇ ਰੱਬ ਨੇ ਕਰੋੜ੍ਹਾਂ ਦਿਲਾਂ ਵਿੱਚ ਉਹਨਾਂ ਦਾ ਸਨਮਾਨ ਤੇ ਵੱਡਿਆਈ ਭਰ ਦਿੱਤੀ ਅਤੇ ਉਹਨਾਂ ਦੇ ਧਰਮ ਦੀ ਜੜ੍ਹ ਕਾਇਮ ਕਰ ਦਿੱਤੀ ਅਤੇ ਕਈ ਸਦੀਆਂ ਤੋਂ ਉਹ ਧਰਮ ਚਲਿਆ ਆਇਆ ਹੈ । ਇਹੋ ਉਸੂਲ ਕੁਰਆਨ ਨੇ ਸਾਨੂੰ ਸਿਖਾਇਆ ਹੈ । ਇਸ ਉਸੂਲ ਦੇ ਪੱਖੋਂ ਅਸੀਂ ਹਰ ਇਕ ਧਰਮ ਦੇ ਪੇਸ਼ਵਾ ਨੂੰ ਜਿੰਨ੍ਹਾ ਦਾ ਜੀਵਨ ਇਸ ਪ੍ਰੀਭਾਸ਼ਾ ਹੇਠ ਆ ਗਿਆ ਹੈ ਸਨਮਾਨ ਦੀ ਦ੍ਰਿਸ਼ਟੀ ਨਾ ਦੇਖਦੇ ਹਾਂ । ਫਿਰ ਭਾਵੇਂ ਉਹ ਹਿੰਦੂ ਧਰਮ ਦੇ ਪੇਸ਼ਵਾ ਹੋਣ ਜਾਂ ਫ਼ਾਰਸੀਆਂ ਦੇ ਧਰਮ ਦਾ ਜਾਂ ਚੀਨੀਆਂ ਜਾਂ ਯਹੂਦੀਆਂ ਦੇ ਧਰਮ ਦਾ ਜਾਂ ਈਸਾਈਆਂ ਦੇ ਧਰਮ ਦੇ ।" (ਤੋਹਫ਼ਾ ਕੈਸਰੀਆ : 7)

ਸਯੱਦਨਾ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਧਾਰਮਕ ਆਗੂਆਂ ਦੇ ਸਨਮਾਨ ਲਈ ਭਾਰਤ ਵਿੱਚ ਅਮਨ ਦੀ ਸਥਾਪਨਾ ਖ਼ਾਤਰ ਆਪਣੇ ਨਿਧਨ ਤੋਂ ਕੁਝ ਦਿਨ ਪਹਿਲਾਂ ਮਈ 1908 ਈ. ਨੂੰ ਇਕ ਭਾਸ਼ਣ ਲਿੱਖਿਆ ਸੀ ਜੋ ਆਪ ਜੀ ਦੇ ਨਿਧਨ ਦੇ ਬਾਦ 21 ਜੂਨ 1908ਈ. ਨੂੰ ਲਹੌਰ ਦੇ ਇਕ ਵੱਡੇ ਇਕੱਠ ਵਿੱਚ ਮਿਸਟਰ ਜਸਟਿਸ ਰਾਏ ਬਹਾਦੁਰ ਪਰਤੋਲ ਚੰਦ੍ਰ ਸਾਹਬ ਜਜ ਚੀਫ਼ ਕੋਰਟ ਪੰਜਾਬ ਦੀ ਪ੍ਰਧਾਨਗੀ ਵਿੱਚ ਪੜ੍ਹ ਕੇ ਸੁਣਾਇਆ ਗਿਆ । ਸਯੱਦਨਾ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਆਪਣੇ ਇਸ ਪ੍ਰਸਿੱਧੀ ਪ੍ਰਾਪਤ ਲੈਕਚਰ ਵਿੱਚ ਜੋ ਬਾਦ ਵਿੱਚ "ਪੈਗ਼ਾਮੇ ਸੁਲਾਹ" ਦੇ ਨਾਂ ਨਾਲ ਪ੍ਰਕਾਸ਼ਤ ਹੋਇਆ ਅਤੇ ਹੁਣ ਤੱਕ ਦੁਨੀਆ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਅਨੁਵਾਦ ਪ੍ਰਕਾਸ਼ਤ ਹੋ ਚੁੱਕਿਆ ਹੈ ਦੇ ਇਕ ਅਸਥਾਨ ਉਪੱਰ ਫ਼ਰਮਾਉਂਦੇ ਹਨ :

"ਹੇ, ਸਜੱਣੋ ! ਪਿਛਲਿਆਂ ਤਜਰਬਿਆਂ ਤੇ ਵਾਰ ਵਾਰ ਦੀਆਂ ਪੜਤਾਲਾਂ ਨੇ ਇਹ ਪ੍ਰਮਾਣਤ ਕਰ ਦਿੱਤਾ ਹੈ ਕਿ ਭਿੰਨ ਭਿੰਨ

ਕੌਮਾ ਦੇ ਨਬੀਆਂ ਤੇ ਰਸੂਲਾਂ ਨੂੰ ਤੌਹੀਨ ਭਰੇ ਸ਼ਬਦਾਂ ਨਾਲ ਚੇਤੇ ਕਰਨਾ ਅਤੇ ਉਹਨਾਂ ਨੂੰ ਗਾਲ੍ਹਾਂ ਕਢੱਣੀਆਂ ਇਕ ਅਜਿਹਾ ਵਿਸ਼ ਹੈ ਕਿ ਜੋ ਨ ਕੇਵਲ ਅੰਤ ਨੂੰ ਸ਼ਰੀਰ ਨੂੰ ਨਸ਼ਟ ਕਰਦਾ ਹੈ ਸਗੋਂ ਆਤਮਾ ਵੀ ਨਸ਼ਟ ਕਰਕੇ ਧਰਮ ਤੇ ਦੁਨੀਆ ਦੋਹਾਂ ਨੂੰ ਨਸ਼ਟ ਕਰਦੀ ਹੈ । ਉਹ ਦੇਸ਼ ਆਰਾਮ ਨਾਲ ਜੀਵਨ ਬਤੀਤ ਨਹੀਂ ਕਰ ਸਕਦਾ ਜਿਸ ਦੇ ਬਸ਼ਿੰਦੇ ਇਕ ਦੂਜੇ ਦੇ ਧਾਰਮਕ ਰਹਿਬਰਾਂ ਦੇ ਐਬ ਫਰੋਲਨ ਤੇ ਪ੍ਰਤਿਸ਼ਠਾ ਰੋਲਣ ਵਿੱਚ ਲੀਨ ਹਨ ਅਤੇ ਉਹਨਾ ਕੌਮਾਂ ਵਿੱਚ ਕਦੇ ਵੀ ਸਚੱਾ ਸੰਜੋਗ ਨਹੀਂ ਹੋ ਸਕਦਾ ਜਿੰਨ੍ਹਾ ਵਿੱਚੋਂ ਇਕ ਕੌਮ ਜਾਂ ਦੋਵੇਂ ਕੌਮਾਂ ਇਕ ਦੂਜੇ ਦੇ ਨਬੀ ਜਾਂ ਰਿਖੀ ਜਾਂ ਅਵਤਾਰ ਨੂੰ ਬਦੀ ਜਾਂ ਕੁਬੋਲਾਂ ਰਾਹੀਂ ਚੇਤੇ ਕਰਦੇ ਹਨ । ਆਪਣੇ ਨਬੀ ਜਾਂ ਪੇਸ਼ਵਾ ਦੀ ਹਤੱਕ ਸੁਣ ਕੇ ਕਿਸ ਨੂੰ ਜੋਸ਼ ਨਹੀਂ ਆਉਂਦਾ ...... ਉਹ ਦਿਲੀ ਸਫ਼ਾਈ ਜਿਸ ਨੂੰ ਵਾਸਤਵਿਕ ਸਫ਼ਾਈ ਆਖਣਾ ਚਾਹੀਦਾ ਹੈ ਕੇਵਲ ਇਸੇ ਅਵਸਥਾ ਵਿੱਚ ਪੈਦਾ ਹੋਵੇਗੀ ਜੱਦ ਕਿ ਤੁਸੀਂ ਲੋਕ ਵੇਦ ਅਤੇ ਵੇਦ ਦੇ ਰਿਖੀਆਂ ਨੂੰ ਸੱਚੇ ਮਨ ਨਾਲ ਰੱਬ ਵੱਲੋਂ ਪਰਵਾਨ ਕਰ ਲਓਗੇ ਅਤੇ ਅਜਿਹਾ ਹੀ ਹਿੰਦੂ ਲੋਕ ਵੀ ਆਪਣੀ ਤੰਗਦਿਲੀ ਨੂੰ ਤਿਆਗ ਕੇ ਸਾਡੇ ਨਬੀ ਕਰੀਮ ਸਲਲੱਾਹੁ ਅਲਹਿ ਵਸਲਅਮ ਦੀ ਨਬੁਵੱਤ ਨੂੰ ਸਵੀਕਾਰ ਕਰ ਲੈਣਗੇ । ਚੇਤੇ ਰੱਖੋ ਅਤੇ ਬਖ਼ੂਬੀ ਚੇਤੇ ਰੱਖੋ ਕਿ ਤੁਹਾਡੇ ਵਿੱਚ ਅਤੇ ਹਿੰਦੂਆਂ ਵਿੱਚ ਸੱਚੀ ਸੁਲਾਹ (ਮਿਤੱਰਤਾ) ਕਰਾਉਂਣ ਵਾਲਾ ਕੇਵਲ ਇੱਕੋ ਇਹੋ ਉਸੂਲ ਹੈ ਅਤੇ ਇਹ ਇਕ ਅਜਿਹਾ ਪਾਣੀ ਹੈ ਜੋ ਸਾਰਿਆਂ ਕੀਨਿਆਂ ਨੂੰ ਧੋ ਦੇਵੇਗਾ ।'' (ਪੈਗ਼ਾਮੇ ਸੁਲਾਹ : ਪੰਨਾ 14 ਤੋਂ 21)

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਬਾਨੀ ਜਮਾਤ ਅਹਮਦੀਆ ਦਾ ਇਹ ਪ੍ਰਸਿੱਧੀ ਪ੍ਰਾਪਤ ਮਹਤੱਵਪੂਰਨ ਭਾਸ਼ਣ ਜੱਦ ਦੇਸ਼ ਦੇ ਵਿਦਵਾਨਾ ਨੇ ਸੁਣਿਆਂ ਤਾਂ ਉਸ ਸਮੇਂ ਦੇ ਅਖ਼ਬਾਰਾਂ ਨੇ ਇਸ ਲੇਖ ਦੀ ਸਰਾਹਨਾ ਕਰਦਿਆਂ ਹੋਇਆਂ ਜੋ ਲਿੱਖਿਆ ਉਸ ਦੇ ਕੁਝ ਕੁ ਨਮੂਨੇ ਪੇਸ਼ ਕੀਤੇ ਜਾਂਦੇ ਹਨ :

ਅਖ਼ਬਾਰ ਹਿੰਦੂ ਪੀਟ੍ਰੀਟ ਮਦਰਾਸ ਨੇ ਲਿੱਖਿਆ :

''ਉਹ ਮਹਾਨ ਸ਼ਕਤੀ ਅਤੇ ਉਤੱਮ ਦਰਜੇ ਦੀ ਹਮਦਰਦੀ ਜੋ ਕਾਦੀਆਂ ਦੇ ਮਹਾਂਬਲੀ ਦੇ ਅੰਤਮ 'ਪੈਗ਼ਾਮੇ ਸੁਲਾਹ' ਤੋਂ ਪ੍ਰਕਟ ਹੁੰਦੀ ਹੈ ਉਹ ਅਵਸ਼ ਹੀ ਇਕ ਵਿਸ਼ੇਸ਼ ਮਹੱਤਾ ਦੇ ਨਾਲ ਉਸ ਨੂੰ ਇਕ ਮਾਹਨ ਮਹਾਂਪੁਰਖ ਪ੍ਰਮਾਣਤ ਕਰਦੀ ਹੈ ...... ਅਜਿਹੀ ਅਪੀਲ ਜੋ ਅਜਿਹੇ ਮਹਾਂ ਪੁਰਖ ਵੱਲੋਂ ਹੈ, ਐਂਵੇ ਹੀ ਨਸ਼ਟ ਨਹੀਂ ਕੀਤੀ ਜਾਣੀ ਚਾਹੀਦੀ ਅਤੇ ਹਰ ਇਕ ਭਾਰਤੀ ਦੇਸ਼ਵਾਸੀ ਦਾ ਇਹ ਟੀਚਾ ਹੋਣਾ ਚਾਹੀਦਾ ਹੈ ਕਿ ਉਹ ਪੇਸ਼ ਕੀਤੀ ਸੁਲਾਹ ਨੂੰ ਕਰਮ ਰੁਪੀ ਰੰਗਤ ਚਾੜ੍ਹਨ ਦੇ ਜਤਨ ਕਰਨ ।'' (ਹਵਾਲੇ ਲਈ ਦੇਖੋ ਤਾਰੀਖ਼ ਅਹਮਦੀਅਤ ਜਿਲਦ-2, ਪੰਨਾ-536)

ਇਸੇ ਪ੍ਰਕਾਰ ਅਖ਼ਬਾਰ ਫ਼੍ਰੰਟੀਅਲ ਮੇਲ ਨੇ 22 ਦਸੰਬਰ 1948 ਈ. ਨੂੰ ਮਿਸਟਰ ਬ੍ਰਹਮ ਦੱਤ ਡੇਹਰਾਦੂਨ ਦੇ ਇਸ ਬਿਆਨ ਨੂੰ ਪ੍ਰਕਾਸ਼ਤ ਕੀਤਾ : ''ਚਾਲ੍ਹੀ ਵਰੇ ਪਹਿਲਾਂ ਅਰਥਾਤ ਜੱਦਕਿ ਮਹਾਤਮਾ ਗਾਂਧੀ ਜੀ ਹੁਣੇ ਰਾਜਨਤੀ ਵਿੱਚ ਉਭਰੇ ਨਹੀਂ ਸਨ (ਹਜ਼ਰਤ) ਮਿਰਜ਼ਾ ਗ਼ੁਲਾਮ ਅਹਮਦ (ਅਲੈਹਿ ਸਲਾਮ) ਨੇ 1891 ਈ. ਵਿੱਚ ਮਸੀਹ ਹੋਣ ਦਾ ਦਾਵਾ ਕਰਕੇ ਆਪਣੀ ਰਾਏ ਰਸਾਲਾ 'ਪੈਗ਼ਾਮੇ ਸੁਲਾਹ' ਦੀ ਸੂਰਤ ਵਿੱਚ ਪ੍ਰਕਟ ਕੀਤੀਆਂ ਜਿੰਨ੍ਹਾ ਉਪੱਰ ਅਮਲ ਕਰਨ ਨਾਲ ਦੇਸ਼ ਦੀਆਂ ਵੱਖ ਵੱਖ ਕੌਮਾਂ ਵਿੱਚ ਏਕਤਾ, ਇਕੱਠ, ਸੰਜੋਗ, ਸਨੇਹ ਅਤੇ ਮਿਲਵਰਤਨ ਪੈਦਾ ਹੁੰਦਾ ਹੈ, ਆਪ ਦੀ ਇਹ ਬਹੁਤ ਇਛੱਾ ਸੀ ਕਿ ਲੋਕਾਂ ਵਿੱਚ ਰਵਾਦਾਰੀ, ਭਾਈਚਾਰਾ ਤੇ ਸਨੇਹ ਦੀ ਰੂਹ ਪੈਦਾ ਹੋਵੇ । ਬੇਸ਼ਕ ਆਪ ਜੀ ਦੀ ਸ਼ਖ਼ਸੀਯਤ ਸ਼ਲਾਘਾ ਯੋਗ ਹੈ ਅਤੇ ਕਦਰ ਯੋਗ ਹੈ ਕਿ ਆਪ ਦੀ ਨਿਗਾਹ ਨੇ ਦੂਰ ਭਵਿੱਖਤ ਦੇ ਸੂਖਮ ਪਰਦਿਆਂ ਵਿੱਚ ਦੇਖਿਆ ਅਤੇ ਸੁਮਾਰਗ ਵੱਲ ਰਹਿਨੁਮਾਈ ਕੀਤੀ ।'' (ਹਵਾਲੇ ਲਈ ਦੇਖੋ, ਤਾਰੀਖ਼ੇ ਅਮਹਦੀਅਤ, ਜਿਲਦ-2, ਪੰਨਾ 536)

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਇਮਾਮ ਮਹਦੀ ਅਲੈਹਿ ਸਲਾਮ ਨੇ ਇਹ ਵੀ ਸਿੱਖਿਆ ਦਿੱਤੀ ਕਿ ਹਰ

ਇਕ ਧਰਮ ਦੇ ਲੀਡਰਾਂ ਨੂੰ ਚਾਹੀਦਾ ਹੈ ਕਿ ਇਕ ਦੂਜੇ ਦੇ ਧਰਮ ਦੀਆਂ ਕਮੀਆਂ ਤੇ ਬੁਰਾਈਆਂ ਕਢੱਣ ਦੀ ਥਾਂ ਆਪਣੀਆਂ ਆਪਣੀਆਂ ਲੇਖਣੀਆਂ ਅਤੇ ਭਾਸ਼ਣਾ ਵਿੱਚ ਆਪਣੇ ਧਰਮ ਦੀਆਂ ਖ਼ੂਬੀਆਂ ਵਰਨਣ ਕਰਨ । ਇਸ ਉਦੇਸ਼ ਲਈ ਜਮਾਤ ਅਹਦੀਆ ਦੇ ਦੂਜੇ ਖ਼ਲੀਫ਼ਾ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਰਜ਼ੀ ਅਲੱਾਹ ਅਨਹੁ ਨੇ 1928 ਈ. ਤੋਂ ਜਲਸਾ 'ਸਰਬ ਧਰਮ ਸੰਮੇਲਨ' ਆਰੰਭ ਕੀਤਾ । ਇਸ ਲਈ ਵਿਸ਼ਵਿਆਪੀ ਅਹਮਦੀਆ ਮੁਸਲਿਮ ਜਮਾਤ ਹਰ ਸਾਲ ਦੁਨੀਆ ਭਰ ਵਿੱਚ ਹਰ ਥਾਂ ਧਰਮਾਂ ਦੇ ਸੰਸਥਾਪਕਾਂ ਤੇ ਆਗੂਆਂ ਦੇ ਸਨਮਾਨ ਲਈ ਜਲਸਾ 'ਸਰਬ ਧਰਮ ਸੰਮੇਲਨ' ਦਾ ਆਯੋਜਨ ਕਰਦੀ ਹੈ । ਜਿੰਨ੍ਹਾ ਵਿੱਚ ਹਰ ਧਰਮ ਦੇ ਧਾਰਮਕ ਆਗੂ ਤੇ ਲੀਡਰ ਆਪਣੇ ਆਪਣੇ ਧਰਮ ਦੇ ਬਾਨੀਆਂ ਅਤੇ ਧਾਰਮਕ ਆਗੂਆਂ ਦੇ ਪਵਿੱਤਰ ਜੀਵਨ ਚਰਿਤੱਰ ਉਪੱਰ ਅਤੇ ਉਹਨਾਂ ਦੀਆਂ ਸਿੱਖਿਆਵਾਂ ਉਪੱਰ ਚਾਨ੍ਹਣਾ ਪਾਉਂਦੇ ਹਨ । ਸੰਭਵਤਾ ਇੱਕੋ ਹੀ ਸਟੇਜ ਉਪੱਰ ਵੱਖ ਵੱਖ ਫੁਲੱਾਂ ਦਾ ਗੁਲਦਸਤਾ ਸਜਾਇਆ ਜਾਂਦਾ ਹੈ । ਹੁਣ ਤਾਂ ਅਹਮਦੀਆ ਮੁਸਲਿਮ ਜਮਾਤ ਦੇ ਵਰਤਮਾਨ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਕੁਰਆਨ ਮਜੀਦ ਦੀ ਇਹ ਸੁਨਹਿਰੀ ਸਿੱਖਿਆ ਯੂਰੋਪ ਤੇ ਅਮਰੀਕਾ ਦੇ ਉਚੱ ਸਦਨਾ (ਰਾਜਭਵਨਾ) ਵਿੱਚ ਪਹੁੰਚਾਉਣ ਦਾ ਸਿਲਸਿਲਾ ਅਰੰਭ ਦਿੱਤਾ ਹੈ । ਹਜ਼ੂਰ ਅਨਵਰ ਦੇ ਇਹ ਅਨਮੋਲ ਵਿੱਚਾਰ ਆਪ ਦੀ ਮਹਤੱਵਪੂਰਨ ਕਿਤਾਬ World crisis and pathway to peace ਰਾਹੀਂ ਹਰ ਮਨੁੱਖ'ਤੇ ਪ੍ਰਕਟ ਹੋ ਸਕਦੇ ਹਨ । ਜਿਸ ਦਾ ਅਧਿਐਨ ਅਤੇ ਜਿਸ'ਤੇ ਅਮਲ ਕਰਨਾ ਦੁਨੀਆ ਵਿੱਚ ਅਮਨ ਦੀ ਸਥਾਪਨਾ ਲਈ ਅਤਿਅੰਤ ਜ਼ਰੂਰੀ ਹੈ ।

ਰੱਬ ਕਰੇ ਅਸੀਂ ਸਾਰੇ ਇਕ ਦੂਜੇ ਦੇ ਧਾਰਮਕ ਆਗੂਆਂ ਦਾ ਸਨਮਾਨ ਕਰੀਏ ਤਾਂ ਜੋ ਸਾਡਾ ਦੇਸ਼ ਅਮਨ ਤੇ ਸ਼ਾਂਤੀ ਦਾ ਸਥਲ ਬਣ ਜਾਵੇ ਅਤੇ ਸੱਚੀ ਖ਼ੁਸ਼ੀ ਤੇ ਖ਼ੁਸ਼ਹਾਲੀ ਪ੍ਰਾਪਤ ਹੋਵੇ ।

**Loyalty** **Peace**

**Freedom** **Respect**

**Equality**


Contact Details:
Ahmadiyya Muslim Jama'at India
Head Office:
Nazarat Dawat Ilallah
Qadian, Dist. Gurdaspur,
Punjab. 143516
**www.alislam.org**
**www.ahmadiyyamuslimjamaat.in**
**www.ahmadiyyamuslimjamaat.in/feedback**
**National Toll Free Number: 1800 3010 2131 (9:00AM to 10:30PM)**


MUSLIM TELEVISION AHMADIYYA INTERNATIONAL (www.mta.tv)
Satellite: ABS-2, Degree: 75 East, Frequency: 12523
Pol: H, Symbol Rate: 30000, 22K: ON
**KU Band 60 CM Dish Antenna**


**Printed by: Fazl-e-Umar Printing Press Qadian 2014**